# 2020-21 ਖੰਡ ਸੀਜ਼ਨ ਤੱਕ ਯੂਪੀ ਦਾ ਸੰਚਿਤ ਗੰਨੇ ਦਾ ਮੁੱਲ ਬਕਾਇਆ ਸਭ ਤੋਂ ਵੱਧ

ਉੱਤਰ ਪ੍ਰਦੇਸ਼ ਵਿੱਚ 2020-21 ਖੰਡ ਸੀਜ਼ਨ (30 ਸਤੰਬਰ, 2021) ਦੇ ਅੰਤ ਤੱਕ ਭਾਰਤ ਵਿੱਚ ਸੰਚਿਤ ਗੰਨੇ ਦਾ ਮੁੱਲ ਬਕਾਇਆ ਸਭ ਤੋਂ ਵੱਧ ਹੈ। ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਵੱਲੋਂ ਆਪਣੀ 'ਗੰਨੇ ਦੀ ਕੀਮਤ ਨੀਤੀ: 2022-23 ਖੰਡ ਸੀਜ਼ਨ' ਵਿੱਚ ਦਰਜ ਕੀਤੇ ਅੰਕੜਿਆਂ ਮੁਤਾਬਿਕ, 30 ਸਤੰਬਰ, 2021 ਤੱਕ, ਗੰਨੇ ਦੀ ਕੀਮਤ ਦਾ ਕੁੱਲ ਬਕਾਇਆ 8,616 ਕਰੋੜ ਰੁਪਏ ਹੈ। ਇਸ ਵਿੱਚ 2020-21 ਦੇ ਖੰਡ ਸੀਜ਼ਨ ਦਾ ਬਕਾਇਆ 6,258 ਕਰੋੜ ਰੁਪਏ ਹੈ, ਜਿਹੜਾ ਕਿ 2019-20 ਸੀਜ਼ਨ ਦੇ 10,342 ਕਰੋੜ ਰੁਪਏ ਨਾਲੋਂ ਕਾਫ਼ੀ ਘੱਟ ਹੈ।

ਸੀ ਏ ਸੀ ਪੀ ਨੇ ਦੱਸਿਆ ਕਿ ਸਾਰੇ ਭਾਰਤੀ ਰਾਜਾਂ ਵਿੱਚੋਂ, ਉੱਤਰ ਪ੍ਰਦੇਸ਼ ਦਾ ਕੁੱਲ ਗੰਨਾ ਮੁੱਲ ਬਕਾਇਆ ਦਾ ਹਿੱਸਾ 54.4% (4,688 ਕਰੋੜ ਰੁਪਏ) ਹੈ। ਉੱਚ ਸੰਚਿਤ ਗੰਨੇ ਦੇ ਬਕਾਇਆ ਵਾਲੇ ਹੋਰ ਰਾਜਾਂ ਵਿੱਚੋਂ ਤਾਮਿਲਨਾਡੂ ਦਾ ਬਕਾਇਆ 1,644 ਕਰੋੜ ਰੁਪਏ (19.1%), ਗੁਜਰਾਤ ਦਾ 844 ਕਰੋੜ ਰੁਪਏ (9.8%) ਅਤੇ ਮਹਾਰਾਸ਼ਟਰ ਦਾ 542 ਕਰੋੜ ਰੁਪਏ (6.3%) ਹੈ।

ਸੀ ਏ ਸੀ ਪੀ ਨੇ ਕਿਹਾ ਕਿ ਘਰੇਲੂ ਅਤੇ ਆਲਮੀ ਬਾਜ਼ਾਰਾਂ ਵਿੱਚ ਖੰਡ ਦੇ ਵੱਧ ਉਤਪਾਦਨ ਅਤੇ ਘੱਟ ਕੀਮਤਾਂ ਕਾਰਨ ਪਿਛਲੇ 2-3 ਸਾਲਾਂ ਦੌਰਾਨ ਭਾਰਤ ਵਿੱਚ ਗੰਨੇ ਦਾ ਬਕਾਇਆ ਕਾਫ਼ੀ ਵਧਿਆ ਹੈ, ਜਿਹੜਾ ਕਿ ਕਿਸਾਨਾਂ ਅਤੇ ਖੰਡ ਮਿੱਲਾਂ ਦੇ ਹੱਕ ਵਿੱਚ ਨਹੀਂ ਹੈ ਕਿਉਂਕਿ ਇਸ ਕਾਰਨ ਦੋਵਾਂ ਵਿੱਚ ਵਿਸ਼ਵਾਸ ਦਾ ਘਾਟਾ ਪੈਦਾ ਹੁੰਦਾ ਹੈ।

ਆਪਣੀ 2022-23 ਦੀ ਕੀਮਤ ਨੀਤੀ ਵਿੱਚ, ਕਮਿਸ਼ਨ ਨੇ ਭਾਰਤ ਸਰਕਾਰ ਨੂੰ ਮੁੜ ਦੁਹਰਾਇਆ ਹੈ ਕਿ ਖੰਡ ਮਿੱਲਾਂ ਨੂੰ ਗੰਨਾ ਕਿਸਾਨਾਂ ਨੂੰ ਅਦਾਇਗੀ ਕਰਨ ਲਈ ਢੁੱਕਵਾਂ ਅਤੇ ਲਾਹੇਵੰਦ ਮੁੱਲ (ਐਫ਼ ਆਰ

ਪੀ) ਦੀ ਪਾਲਣਾ ਕਰਨੀ ਚਾਹੀਦੀ ਹੈ। ਐਫ਼ ਆਰ ਪੀ ਨੂੰ ਸੀ ਏ ਸੀ ਪੀ ਦੀਆਂ ਸਿਫ਼ਾਰਿਸ਼ਾਂ ਤੋਂ ਬਾਅਦ, ਰਾਜ ਸਰਕਾਰਾਂ ਅਤੇ ਹੋਰ ਹਿੱਸੇਦਾਰਾਂ ਨਾਲ ਸਲਾਹ ਕਰਕੇ ਤੈਅ ਕੀਤਾ ਜਾਂਦਾ ਹੈ।

ਜਿੱਥੇ ਭਾਰਤ ਸਰਕਾਰ ਕਿਸਾਨਾਂ ਨੂੰ ਚੀਨੀ ਮਿੱਲਾਂ ਵੱਲੋਂ ਭੁਗਤਾਨ ਕੀਤੇ ਜਾਣ ਵਾਲੇ ਐਫ਼ ਆਰ ਪੀ ਦਾ ਐਲਾਨ ਕਰਦੀ ਹੈ, ਉੱਥੇ ਹੀ ਦੇਸ਼ ਦੇ ਕਈ ਸੂਬਿਆਂ ਵਿੱਚ ਗੰਨਾ ਉਤਪਾਦਕਾਂ ਨੂੰ ਭੁਗਤਾਨ ਕਰਨ ਵਾਲੀਆਂ ਦਰਾਂ ਨੂੰ ਮੁਕਰੱਰ ਕਰਨ ਦੀ ਆਪਣੀ ਵਿਧੀ ਹੈ। ਇਸ ਨੂੰ ਰਾਜ ਦਾ ਸਿਫ਼ਾਰਿਸ਼ੀ ਮੁੱਲ (ਐਸ ਏ ਪੀ) ਕਹਿੰਦੇ ਹਨ। ਆਪਣੀ 'ਗੰਨੇ ਦੀ ਕੀਮਤ ਨੀਤੀ: 2022-23 ਖੰਡ ਸੀਜ਼ਨ' ਵਿੱਚ ਸੀ ਏ ਸੀ ਪੀ ਨੇ ਆਪਣੀ ਸਿਫ਼ਾਰਿਸ਼ ਦੁਹਰਾਈ ਹੈ ਕਿ ਰਾਜਾਂ ਨੂੰ ਐਸ ਏ ਪੀ ਤੈਅ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ।

ਕਮਿਸ਼ਨ ਨੇ ਕਿਹਾ ਕਿ ਚਾਰ ਰਾਜ ਸਰਕਾਰਾਂ — ਹਰਿਆਣਾ, ਪੰਜਾਬ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ — ਐਸ ਏ ਪੀ ਦਾ ਐਲਾਨ ਕਰਕੇ ਗੰਨੇ ਦੀਆਂ ਕੀਮਤਾਂ ਵਿੱਚ ਦਖਲਅੰਦਾਜ਼ੀ ਕਰਦੀਆਂ ਹਨ, ਜਿਹੜਾ ਕਿ ਐਫ਼ ਆਰ ਪੀ ਤੋਂ ਵੱਧ ਹੁੰਦਾ ਹੈ।

"ਕਿਉਂਕਿ ਖੰਡ ਮਿੱਲਾਂ ਨੂੰ ਐਸ ਏ ਪੀ ਦਾ ਭੁਗਤਾਨ ਕਰਨਾ ਪੈਂਦਾ ਹੈ, ਜਿਹੜਾ ਕਿ ਐਫ਼ ਆਰ ਪੀ ਤੋਂ ਵੱਧ ਹੈ, ਇਸ ਕਰਕੇ ਕਿਸਾਨਾਂ ਦਾ ਗੰਨਾ ਮੁੱਲ ਬਕਾਇਆ ਵਧਦਾ ਹੈ, ਖ਼ਾਸ ਕਰਕੇ ਜਦੋਂ ਖੰਡ ਦੀਆਂ ਕੀਮਤਾਂ ਘੱਟ ਹੁੰਦੀਆਂ ਹਨ। ਖੰਡ ਦੀ ਵਸੂਲੀ ਦਰ ਵਿੱਚ ਵਾਧੇ ਕਰਕੇ, 2020-21 ਵਿੱਚ ਉੱਤਰ ਪ੍ਰਦੇਸ਼ ਵਿੱਚ ਐਸ ਏ ਪੀ ਅਤੇ ਐਫ਼ ਆਰ ਪੀ ਵਿਚਕਾਰ ਫ਼ਰਕ ਕਾਫ਼ੀ ਘੱਟ ਗਿਆ ਹੈ। ਹਾਲਾਂਕਿ, 2021-22 ਦੇ ਦੌਰਾਨ, ਯੂਪੀ ਸਰਕਾਰ ਵਲੋਂ ਗੰਨਾ ਦੀਆਂ ਤਿੰਨੋਂ ਸ਼੍ਰੇਣੀਆਂ ਲਈ ਐਸ ਏ ਪੀ ਵਧਾਉਣ ਦੇ ਹਾਲ ਦੇ ਐਲਾਨ ਦੇ ਨਾਲ, ਏਸ ਏ ਪੀ ਅਤੇ ਐਫ਼ ਆਰ ਪੀ ਵਿਚਕਾਰ ਪਾੜਾ ਫਿਰ ਵਧ ਗਿਆ ਹੈ," 2022-23 ਲਈ ਕੀਮਤ ਨੀਤੀ ਵਿੱਚ ਕਿਹਾ ਗਿਆ ਹੈ।

**ਗੰਨੇ ਦੀ ਕੀਮਤ ਦੇ ਬਕਾਇਆ ਦਾ ਵੇਰਵਾ**

| ਰਾਜ | 2018-19 ਤੱਕ (ਰੁਪਏ ਕਰੋੜ) | 2019-20 (ਰੁਪਏ ਕਰੋੜ) | 2020-21* (ਰੁਪਏ ਕਰੋੜ) | ਸੰਚਿਤ (ਰੁਪਏ ਕਰੋੜ) | ਸੰਚਿਤ (ਫ਼ੀਸਦੀ) |
|---|---|---|---|---|---|
| ਉੱਤਰ ਪ੍ਰਦੇਸ਼ | 42 | 0 | 4,646 | 4,688 | 54.4% |
| ਗੁਜਰਾਤ | 36 | 0 | 808 | 844 | 9.8% |
| ਮਹਾਰਾਸ਼ਟਰ | 317 | 0 | 225 | 542 | 6.3% |
| ਤਾਮਿਲਨਾਡੂ | 1,453 | 0 | 191 | 1,644 | 19.1% |
| ਆਂਧਰਾ ਪ੍ਰਦੇਸ਼ | 38 | 43 | 76 | 157 | 1.8% |
| ਕਰਨਾਟਕ | 38 | 6 | 64 | 108 | 1.3% |
| ਛੱਤੀਸਗੜ੍ਹ | 8 | 0 | 64 | 72 | 0.8% |
| ਹਰਿਆਣਾ | 0 | 0 | 63 | 63 | 0.7% |
| ਉਤਰਾਖੰਡ | 205 | 0 | 52 | 257 | 3% |
| ਪੰਜਾਬ | 0 | 43 | 52 | 95 | 1.1% |
| ਤੇਲੰਗਾਨਾ | 0 | 0 | 11 | 11 | 0.15 |
| ਬਿਹਾਰ | 89 | 39 | 5 | 133 | 1.5% |
| ਹੋਰ ਰਾਜ | 2 | 0 | 1 | 2 | 0% |
| ਕੁੱਲ ਭਾਰਤ | 2,228 | 131 | 6,258 | 8,616 | 100% |

***ਨੋਟ:** *ਖੰਡ ਸੀਜ਼ਨ 2020-21 ਲਈ 30 ਸਤੰਬਰ, 2021 ਨੂੰ*

***ਸਰੋਤ:** ਖੰਡ ਅਤੇ ਬਨਸਪਤੀ ਤੇਲ ਡਾਇਰੈਕਟੋਰੇਟ, ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲਾ*